Tender Heart High school Sec-33B Chd

Class-6 | Ramandeep Kaur

Topic – ਸੱਚੀ ਮਿੱਤਰਤਾ | ਪਾਠ – 9 (Lit)

Page - 1

ਸ਼ੁੱਭ ਸਵੇਰ

ਵਿਦਿਆਰਥੀਓ ਇਸ ਹਫਤੇ ਅਸੀਂ ਛੇਵੀਂ ਜਮਾਤ ਦੇ ਪੰਜਾਬੀ ਵਿਸ਼ੇ ਦੀ ਕਹਾਣੀ 'ਸੱਚੀ ਮਿੱਤਰਤਾ' ਪਾਠ – 9 ਬਾਰੇ ਵਿਚਾਰ ਚਰਚਾ ਕਰਾਂਗੇ।

ਤੁਸੀਂ ਸਾਰਿਆਂ ਨੇ ਪਾਠ – 9 ਨੂੰ ਦੋ- ਤਿੰਨ ਪੜ੍ਹਨਾ ਹੈ ਅਤੇ ਕਹਾਣੀ ਨੂੰ ਸਮਝਣਾ ਹੈ।

ਕਹਾਣੀ ਦਾ ਸਾਰ

ਇਹ ਸਧਾਰਨ ਜਿਹੀ ਕਹਾਣੀ ਹੈ ਪਰ ਸਿੱਖਿਆ ਬਹੁਤ ਵਧੀਆ ਹੈ। ਲੇਖਕ ਨੇ ਜਾਨਵਰਾਂ ਅਤੇ ਪੰਛੀਆਂ ਦੇ ਮੂੰਹੋਂ ਸੱਚੀ ਮਿੱਤਰਤਾ ਦੇ ਮਹੱਤਵ ਨੂੰ ਦਰਸਾਇਆ ਹੈ।

ਇਸ ਕਹਾਣੀ ਵਿੱਚ ਚਾਰ ਪੱਕੇ ਮਿੱਤਰ ਚੂਹਾ, ਕਾਂ, ਕੱਛੂ ਅਤੇ ਹਿਰਨ ਝੀਲ ਦੇ ਕਿਨਾਰੇ ਰਹਿੰਦੇ ਸੀ। ਉਹਨਾਂ ਵਿੱਚ ਪੱਕੀ ਦੋਸਤੀ ਸੀ। ਉਹ ਆਪਸ ਵਿੱਚ ਇੱਕ ਦੂਜੇ ਦੀ ਸਹਾਇਤਾ ਕਰਦੇ ਸੀ। ਇੱਕ ਦਿਨ ਚੂਹਾ, ਕਾਂ ਅਤੇ ਕੱਛੂਕੁੰਮਾ ਆਪਣੇ ਮਿੱਤਰ ਹਿਰਨ ਦੀ ਉਡੀਕ ਕਰ ਰਹੇ ਸੀ ਪਰ ਉਹ ਬਹੁਤ ਦੇਰ ਤੱਕ ਨਾ ਪਹੁੰਚਿਆ ਤੇ ਉਹਨਾਂ ਨੂੰ ਚਿੰਤਾ ਹੋਣ ਲੱਗੀ। ਉਹਨਾਂ ਵਿੱਚੋਂ ਕੱਛੂ ਨੇ ਕਿਹਾ ਕਿਤੇ ਸ਼ਿਕਾਰੀ ਨੇ ਤਾਂ ਨਹੀਂ ਫੜ ਲਿਆ। ਕਾਂ ਉੱਡ ਕੇ ਹਿਰਨ ਦੀ ਭਾਲ ਵਿੱਚ ਗਿਆ ਤਾਂ ਥੋੜ੍ਹੀ ਦੂਰ ਜਾ ਕੇ ਉਸਨੇ ਵੇਖਿਆ

Be Positive...

ਕਿ ਸੱਚੀ ਹੀ ਹਿਰਨ ਸ਼ਿਕਾਰੀ ਦੇ ਜਾਲ ਵਿੱਚ ਫਸਿਆ ਹੋਇਆ ਸੀ। ਕਾਂ ਨੇ ਉਸਨੂੰ ਹੌਸਲਾ ਦਿੱਤਾ ਅਤੇ ਬਾਕੀ ਮਿੱਤਰਾਂ ਨੂੰ ਸਾਰੀ ਗੱਲ ਦੱਸੀ। ਕਾਂ ਨੇ ਚੂਹੇ ਨੂੰ ਆਪਣੀ ਪਿੱਠ ਤੇ ਬਿਠਾਇਆ ਤੇ ਹਿਰਨ ਕੋਲ ਪਹੁੰਚ ਕੇ ਆਪਣੇ ਤੇਜ਼ ਦੰਦਾਂ ਨਾਲ ਜਾਲ ਨੂੰ ਕੱਟ ਦਿੱਤਾ ਤੇ ਹਿਰਨ ਅਜ਼ਾਦ ਹੋ ਗਿਆ। ਥੋੜ੍ਹੀ ਦੇਰ ਬਾਅਦ ਹੌਲੀ - ਹੌਲੀ ਤੁਰਦਾ ਹੋਇਆ ਕੱਛੂ ਵੀ ਉੱਥੇ ਪਹੁੰਚ ਗਿਆ। ਸਾਰੇ ਮਿੱਤਰ ਬਹੁਤ ਖੁਸ਼ ਸੀ ਪਰ ਉਸੇ ਸਮੇਂ ਉਹਨਾਂ ਨੂੰ ਸ਼ਿਕਾਰੀ ਦੇ ਆਉਣ ਦੀ ਅਵਾਜ਼ ਆਈ ਤਾਂ ਛੇਤੀ - ਛੇਤੀ ਕਾਂ ਰੁੱਖ ਤੇ ਬੈਠ ਗਿਆ, ਹਿਰਨ ਭੱਜ ਗਿਆ ਅਤੇ ਚੂਹਾ ਖੁੱਡ ਵਿੱਚ ਵੜ ਗਿਆ ਪਰ ਕੱਛੂ ਤਾਂ ਹੌਲੀ - ਹੌਲੀ ਝਾੜੀ ਵਲ ਜਾ ਰਿਹਾ ਸੀ। ਸ਼ਿਕਾਰੀ ਨੂੰ ਪਹਿਲਾਂ ਤਾਂ ਦੁੱਖ ਲੱਗਿਆ ਪਰ ਫਿਰ ਉਸਨੇ ਸੋਚਿਆ ਹਿਰਨ ਨਹੀਂ ਤਾਂ ਕੱਛੂ ਹੀ ਸਹੀ। ਉਸਨੇ ਕੱਛੂ ਨੂੰ ਫੜ੍ਹ ਕੇ ਥੈਲੇ ਵਿੱਚ ਬੰਦ ਕਰ ਦਿੱਤਾ। ਹੁਣ ਸਭ ਮਿੱਤਰ ਸੋਚ ਰਹੇ ਸੀ ਕਿ ਕੱਛੂ ਨੂੰ ਕਿਵੇਂ ਛੁਡਾਇਆ ਜਾਵੇ। ਉਹਨਾਂ ਨੇ ਸਕੀਮ ਬਣਾਈ ਹਿਰਨ ਨੇ ਕਿਹਾ ਮੈਂ ਰਸਤੇ ਵਿੱਚ ਮਰਨ ਦਾ ਬਹਾਨਾ ਕਰਾਂਗਾ ਉਹ (ਸ਼ਿਕਾਰੀ) ਮੇਰੇ ਵਲ ਆਵੇਗਾ ਅਤੇ ਚੂਹਾ ਥੈਲਾ ਕੱਟ ਕੇ ਕੱਛੂ ਨੂੰ ਅਜ਼ਾਦ ਕਰਵਾਈ ਕਰ ਦੇਵੇਗਾ।

Class - 6
Topic - ਸੱਚੀ ਮਿੱਤਰਤਾ

Ramandeep Kaur
ਪਾਠ - 9 (Lit)
Page - 3

ਫਿਰ ਕਾਂ ਨੇ ਕਿਹਾ ਜੇਕਰ ਤੈਨੂੰ ਸ਼ਿਕਾਰੀ ਨੇ ਫੜ ਲਿਆ ਤਾਂ ਹਿਰਨ ਨੇ ਕਿਹਾ ਮੈਂ ਬਹੁਤ ਤੇਜ਼ ਦੌੜਾਂਗਾ, ਤੁਸੀਂ ਮੇਰੀ ਚਿੰਤਾ ਨਾ ਕਰੋ, ਕੱਛੂ ਨੂੰ ਆਜ਼ਾਦ ਕਰਾਓ। ਉਹ ਚਲਾਕੀ ਵਾਲੀ ਸਕੀਮ ਦੀ ਲਾਗੂ ਕਰਦੇ ਹਨ ਅਤੇ ਕੱਛੂ ਨੂੰ ਆਜ਼ਾਦ ਕਰਵਾ ਦਿੰਦਾ ਤੇ ਸ਼ਿਕਾਰੀ ਦੇਖਦਾ ਹੀ ਰਹਿ ਗਿਆ। ਉਸਨੂੰ ਕੁੱਝ ਵੀ ਨਹੀਂ ਮਿਲਿਆ। ਉਸਨੇ ਆਪਣੇ ਆਪ ਨੂੰ ਕਿਹਾ ਅੱਜ ਤਾਂ ਮੇਰੀ ਕਿਸਮਤ ਹੀ ਖਰਾਬ ਹੈ। ਸ਼ਿਕਾਰੀ ਖਾਲੀ ਹੱਥ ਘਰ ਵਾਪਸ ਚਲਾ ਗਿਆ। ਉਹ ਚਾਰੇ ਮਿੱਤਰ ਬਹੁਤ ਖੁਸ਼ ਹੋਏ ਅਤੇ ਖੁਸ਼ੀ - ਖੁਸ਼ੀ ਆਪਣਾ ਜੀਵਨ ਬਤੀਤ ਕਰਨ ਲੱਗੇ।

ਸੋ ਵਿਦਿਆਰਥੀਓ ਅਸੀਂ ਇਸ ਕਹਾਣੀ ਤੋਂ ਇਹ ਸਿੱਖਦੇ ਹਾਂ ਕਿ ਸਾਨੂੰ ਸੱਚੀ ਮਿੱਤਰਤਾ ਨਿਭਾਉਣੀ ਚਾਹੀਦੀ ਹੈ। ਔਖੇ ਸਮੇਂ ਆਪਣੇ ਮਿੱਤਰਾਂ ਦਾ ਸਾਥ ਦੇਣਾ ਚਾਹੀਦਾ ਹੈ। ਸਾਨੂੰ ਮਤਲਬੀ ਨਹੀਂ ਬਣਨਾ ਚਾਹੀਦਾ।

ਘਰ ਦਾ ਕੰਮ - ਕਹਾਣੀ ਦੇ ਸ਼ਬਦ/ਅਰਥ ਯਾਦ ਕਰਕੇ ਕਾਪੀ ਤੇ ਲਿਖੋ।
ਪੰਨਾ ਨੰਬਰ 64 ਦੇ ਪ੍ਰਸ਼ਨ 3 ਅਤੇ ਪ੍ਰਸ਼ਨ 4 ਕਿਤਾਬ ਤੇ ਹੀ ਹੱਲ ਕਰਨੇ ਹਨ।

(Last page)